



# ਸਟੈਨਫੋਰਡ ਵਿਖੇ ਤੁਹਾਡਾ ਜੀ ਆਇਆਂ ਨੂੰ

ਅਸੀਂ ਤੁਹਾਨੂੰ ਹੁਨਰਮੰਦ ਅਤੇ ਹਮਦਰਦ ਦੇਖਭਾਲ ਦੇਣ ਲਈ ਉਪਲਬਧ ਹਾਂ।

ਸਾਡਾ ਟੀਚਾ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਤੁਹਾਡੀ ਸਮੁੱਚੀ ਦੇਖਭਾਲ ਵਿੱਚ ਸ਼ਾਮਲ ਕਰਨਾ ਹੈ। ਤੁਹਾਡੇ ਹਸਪਤਾਲ ਵਿੱਚ ਦਾਖਲ ਹੋਣ ਦੇ ਸਮੇਂ ਤੋਂ ਲੈ ਕੇ ਹਸਪਤਾਲ ਤੋਂ ਤੁਹਾਡੀ ਛੁੱਟੀ ਹੋ ਜਾਣ ਤੱਕ ਅਸੀਂ ਆਪਸੀ ਸਤਿਕਾਰ ਨਾਲ ਇਲਾਜ, ਆਰਾਮ ਅਤੇ ਸਨਮਾਨ ਦੀ ਜਗ੍ਹਾ ਬਣਾਉਣ ਲਈ ਕੰਮ ਕਰਦੇ ਹਾਂ।

Stanford MEDICINE
Health Care



## ਤੁਹਾਡੀ ਦੇਖਭਾਲ ਟੀਮ

**ਮੈਡੀਕਲ ਟੀਮ** ਵਿੱਚ ਹਾਜ਼ਰ ਡਾਕਟਰ, ਉੱਨਤ ਪ੍ਰਕਿਰਿਆ ਪ੍ਰਦਾਨਕ, ਨਿਵਾਸੀ, ਇੰਟਰਨ ਅਤੇ ਮੈਡੀਕਲ ਵਿਦਿਆਰਥੀ ਸ਼ਾਮਲ ਹੁੰਦੇ ਹਨ। ਇਹ ਟੀਮ ਤੁਹਾਡੇ ਬਿਸਤਰੇ ਕੋਲ ਆਵੇਗੀ ਅਤੇ ਦਿਨ ਭਰ ਦੀ ਤੁਹਾਡੀ ਦੇਖਭਾਲ ਦੀ ਯੋਜਨਾ ਬਾਰੇ ਗੱਲ ਕਰੇਗੀ। ਕਿਰਪਾ ਕਰਕੇ ਸਵਾਲ ਪੁੱਛੋ।

**ਮੁੱਖ ਨਰਸ** ਤੁਹਾਡੀ ਦੇਖਭਾਲ ਦੀ ਯੋਜਨਾ ਨੂੰ ਪੂਰਾ ਕਰਦੀ ਹੈ ਅਤੇ ਇਸ ਨੂੰ ਬਾਕੀ ਦੇਖਭਾਲ ਟੀਮ ਨਾਲ ਤਾਲਮੇਲ ਕਰਦੀ ਹੈ।

**ਨਰਸਿੰਗ ਅਸਿਸਟੈਂਟ** ਤੁਹਾਡੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਮਦਦ ਕਰਦਾ ਹੈ, ਜਿਵੇਂ ਕਿ ਨਹਾਉਣਾ, ਖਾਣਾ ਅਤੇ ਸੈਰ ਕਰਨਾ।

**ਫਲੋਟ ਨਰਸ** ਨਰਸਿੰਗ ਸਟਾਫ ਲਈ ਬਰੇਕ ਟਾਈਮ ਕਵਰ ਕਰਦੀ ਹੈ ਅਤੇ ਮੁੱਖ ਨਰਸ ਦੀ ਮਦਦ ਕਰਦੀ ਹੈ।

**ਚਾਰਜ ਨਰਸ** ਮਰੀਜ਼ਾਂ ਦੇ ਦਾਖਲੇ ਅਤੇ ਡਿਸਚਾਰਜ ਦਾ ਤਾਲਮੇਲ ਕਰਦੀ ਹੈ ਅਤੇ ਨਰਸਿੰਗ ਟੀਮ ਦੀ ਸਹਾਇਤਾ ਕਰਦੀ ਹੈ।

**ਕੇਸ ਮੈਨੇਜਰ ਅਤੇ ਸੋਸ਼ਲ ਵਰਕ ਟੀਮ** ਤੁਹਾਡੇ ਹਸਪਤਾਲ ਤੋਂ ਡਿਸਚਾਰਜ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਦੀ ਹੈ।

**ਪੁਨਰਵਾਸ ਟੀਮ** ਵਿੱਚ ਆਕੂਪੇਸ਼ਨਲ ਥੈਰੇਪੀ (OT) ਅਤੇ ਸਰੀਰਕ ਥੈਰੇਪੀ (PT) ਸ਼ਾਮਲ ਹਨ। ਪੁਨਰਵਾਸ ਟੀਮ ਦੇ ਹੋਰ ਮੈਂਬਰ ਸਪੀਚ ਥੈਰੇਪੀ (SLP) ਅਤੇ ਸਾਹ ਦੀ ਥੈਰੇਪੀ (RT) ਕਰਦੇ ਹਨ ਜਾਂ ਰਜਿਸਟਰਡ ਡਾਇਟੀਸ਼ੀਅਨ (RD) ਹੁੰਦੇ ਹਨ।

**ਫਾਰਮਾਸਿਸਟ** ਤੁਹਾਡੀ ਰਿਹਾਇਸ਼ ਦੌਰਾਨ ਤੁਹਾਡੀਆਂ ਦਵਾਈਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰੇਗਾ।

**ਲੈਬ ਤਕਨੀਕਸ਼ਨ** ਸਰੀਰ ਦੇ ਨਮੂਨੇ ਇਕੱਠੇ ਕਰਦੀ ਹੈ। ਲੈਬੋਰੇਟ੍ਰੀ ਲਈ ਟੈਸਟਾਂ ਨੂੰ ਇਕੱਠਾ ਕਰਨ ਅਤੇ ਲੈਬ ਜਾਂਚਾਂ ਕਰਨ ਲਈ ਤਕਨੀਕੀਸ਼ਨ ਟੀਮ ਸਵੇਰ ਤੁਹਾਡੇ ਕਮਰੇ ਵਿੱਚ ਆ ਸਕਦੀ ਹੈ। ਜੋ ਪੱਕਾ ਕਰਦੇ ਹਨ ਕਿ ਨਤੀਜੇ ਉਦੋਂ ਉਪਲਬਧ ਹੋਣਗੇ ਜਦੋਂ ਤੁਹਾਡੀ ਦੇਖਭਾਲ ਟੀਮ ਤੁਹਾਨੂੰ ਦੇਖਦੀ ਹੈ।

## ਤੁਹਾਡਾ ਆਰਾਮ ਅਤੇ ਸੁਰੱਖਿਆ

### ਤੁਹਾਨੂੰ ਡਿੱਗਣ ਤੋਂ ਰੋਕਣ ਲਈ ਦਿਸ਼ਾ-ਨਿਰਦੇਸ਼



ਅਸੀ ਤੁਹਾਡੇ ਹਸਪਤਾਲ ਵਿੱਚ ਰਹਿਣ ਦੌਰਾਨ ਤੁਹਾਨੂੰ ਡਿੱਗਣ ਤੋਂ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ। ਜਦੋਂ ਤੁਸੀ ਹਸਪਤਾਲ ਵਿੱਚ ਹੁੰਦੇ ਹੋ ਤਾਂ ਬਹੁਤ ਸਾਰੀਆਂ ਚੀਜ਼ਾਂ ਤੁਹਾਡੇ ਡਿੱਗਣ ਦੇ ਜੋਖਮ ਨੂੰ ਵਧਾ ਸਕਦੀਆਂ ਹਨ।

ਅਣਜਾਣ ਮਾਹੌਲ, ਦਵਾਈਆਂ, ਕਮਜ਼ੋਰੀ, ਥਕਾਵਟ ਮਹਿਸੂਸ ਕਰਨਾ ਅਤੇ ਡਾਕਟਰੀ ਉਪਕਰਨਾਂ ਨਾਲ ਜੁੜੇ ਰਹਿਣ ਨਾਲ ਡਿੱਗਣਾ ਆਸਾਨ ਹੋ ਸਕਦਾ ਹੈ।

- ਜਦੋਂ ਤੁਸੀ ਹਸਪਤਾਲ ਵਿੱਚ ਦਾਖਲ ਹੁੰਦੇ ਹੋ ਤਾਂ ਡਿੱਗਣ ਦੇ ਜੋਖਮ 'ਤੇ ਛੋਟਾ ਵੀਡੀਓ ਦੇਖੋ।
- ਆਪੇ ਨਾ ਉਠੋ! ਅਸੀ ਤੁਹਾਡੀ ਮਦਦ ਕਰਨਾ ਚਾਹੁੰਦੇ ਹਾਂ। ਕਿਰਪਾ ਕਰਕੇ ਉੱਠਣ ਤੋਂ ਪਹਿਲਾਂ ਮਦਦ ਲਈ ਬੁਲਾਓ। ਆਪਣੇ ਬੈੱਡ ਨਾਲ ਰੱਖੇ ਹੱਥ ਵਾਲੇ ਰਿਮੋਟ 'ਤੇ ਲਾਲ ਕਾਲ ਬਟਨ ਦੀ ਵਰਤੋਂ ਕਰੋ।
- ਕਿਰਪਾ ਕਰਕੇ ਕਾਲ ਕਰੋ, ਡਿੱਗੋ ਨਾ!

### ਸ਼ੁਰੂਆਤੀ ਹਿੱਲਜੁੱਲ

ਜਲਦੀ ਅਤੇ ਅਕਸਰ ਤੁਰਨਾ ਤੁਹਾਡੀ ਸਿਹਤ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ, ਖਾਸ ਕਰਕੇ ਸਰਜਰੀ ਤੋਂ ਬਾਅਦ। ਨਰਸਿੰਗ ਸਟਾਫ਼ ਕੁਰਸੀ 'ਤੇ ਬੈਠਣ ਲਈ ਬਿਸਤਰੇ ਤੋਂ ਉੱਠਣ ਵਿੱਚ ਤੁਹਾਡੀ ਮਦਦ ਕਰੇਗਾ।

ਜਦੋਂ ਇਹ ਸੁਰੱਖਿਅਤ ਹੋਵੇ ਤਾਂ ਤੁਸੀ ਸਟਾਫ ਮੈਂਬਰ ਨਾਲ ਯੂਨਿਟ ਵਿਖੇ ਤੁਰ ਸਕਦੇ ਹੋ। ਜੇ ਤੁਸੀ ਆਪਣੇ ਆਪ ਨਹੀਂ ਚੱਲ ਸਕਦੇ, ਤਾਂ ਤੁਹਾਡੀ ਦੇਖਭਾਲ ਟੀਮ ਤੁਹਾਡੀ ਚਮੜੀ ਦੀ ਸੁਰੱਖਿਆ ਲਈ ਤੁਹਾਡੀ ਸਥਿਤੀ ਨੂੰ ਅਕਸਰ ਬਦਲ ਦੇਵੇਗੀ।



### ਮਦਦ ਪ੍ਰਾਪਤ ਕਰਨਾ

ਜੇ ਤੁਹਾਨੂੰ ਕਿਸੇ ਵੀ ਸਮੇਂ ਮਦਦ ਦੀ ਲੋੜ ਹੁੰਦੀ ਹੈ, ਤਾਂ ਆਪਣੇ ਬਿਸਤਰੇ 'ਤੇ ਹੱਥ ਵਾਲੇ ਰਿਮੋਟ 'ਤੇ ਦਿੱਤੇ ਲਾਲ ਕਾਲ ਬਟਨ ਦੀ ਵਰਤੋਂ ਕਰੋ। ਇਸ ਨਾਲ ਫਰੰਟ ਡੈਸਕ ਨੂੰ ਸੰਕੇਤ ਜਾਂਦਾ ਹੈ ਜਿੱਥੇ ਇੱਕ ਸਟਾਫ ਮੈਂਬਰ ਤੁਹਾਡੀ ਕਾਲ ਦਾ ਜਵਾਬ ਦੇਵੇਗਾ ਅਤੇ ਕਿਸੇ ਨੂੰ ਮਦਦ ਲਈ ਭੇਜੇਗਾ।


ਅਸੀ ਤੁਹਾਨੂੰ ਆਪਣੇ ਆਪ ਉੱਠਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਮਦਦ ਦੀ ਉਡੀਕ ਕਰਨ ਦੀ ਯਾਦ ਦਿਵਾਉਣ ਲਈ ਬਿਸਤਰੇ ਜਾਂ ਕੁਰਸੀ ਦੇ ਅਲਾਰਮ ਦੀ ਵਰਤੋਂ ਵੀ ਕਰ ਸਕਦੇ ਹਾਂ।

ਤੁਹਾਡੀਆਂ ਨਰਸਾਂ ਵੀ ਤੁਹਾਨੂੰ ਅਕਸਰ ਦੇਖਦੀਆਂ ਰਹਿਣਗੀਆਂ। ਉਹ ਤੁਹਾਡੇ ਦਰਦ ਦੇ ਪੱਧਰ ਦੀ ਜਾਂਚ ਕਰਨਗੀਆਂ, ਬਾਥਰੂਮ ਦੀ ਵਰਤੋਂ ਕਰਨ ਵਿੱਚ ਤੁਹਾਡੀ ਮਦਦ ਕਰਨਗੀਆਂ, ਅਤੇ ਇਹ ਪੱਕਾ ਕਰਨਗੀਆਂ ਕਿ ਤੁਸੀ ਆਰਾਮਦਾਇਕ ਸਥਿਤੀ ਵਿੱਚ ਹੋ।

ਉਹ ਇਹ ਪੱਕਾ ਕਰਨਗੀਆਂ ਕਿ ਤੁਹਾਡਾ ਕਾਲ ਬਟਨ ਅਤੇ ਨਿੱਜੀ ਚੀਜ਼ਾਂ ਪਹੁੰਚ ਵਿੱਚ ਹਨ।

## ਤੁਹਾਡੇ ਦਰਦ ਨੂੰ ਕੰਟਰੋਲ ਕਰਨਾ

ਬਹੁਤ ਸਾਰੇ ਕਾਰਕ ਦਰਦ ਦਾ ਕਾਰਨ ਬਣ ਸਕਦੇ ਹਨ, ਜਿਵੇਂ ਕਿ ਬਿਮਾਰੀ, ਸੱਟ, ਸਰਜਰੀ, ਮਾਸਪੇਸ਼ੀ ਤਣਾਅ, ਡਰ, ਚਿੰਤਾ ਅਤੇ ਨੀਂਦ ਦੀ ਕਮੀ।




ਆਓ ਤੁਹਾਡੇ ਦਰਦ ਨੂੰ ਘਟਾਉਣ ਲਈ ਮਿਲ ਕੇ ਕੰਮ ਕਰੀਏ।

ਜਦੋਂ ਤੁਸੀ ਦਰਦ ਵਿੱਚ ਹੁੰਦੇ ਹੋ, ਤਾਂ ਅਸੀ ਤੁਹਾਨੂੰ ਇਸਨੂੰ 0 ਤੋਂ 10 ਦੇ ਪੈਮਾਨੇ 'ਤੇ ਰੇਟ ਕਰਨ ਲਈ ਕਹਾਂਗੇ। ਇਹ ਮਦਦ ਕਰਨ ਦਾ ਸਭ ਤੋਂ ਵਧੀਆ ਤਰੀਕਾ ਤੈਅ ਕਰਨ ਵਿੱਚ ਸਾਡੀ ਮਦਦ ਕਰੇਗਾ।

0 ਦੇ ਸਕੋਰ ਦਾ ਮਤਲਬ ਹੈ ਕੋਈ ਦਰਦ ਨਹੀ, ਅਤੇ 10 ਦਾ ਮਤਲਬ ਹੈ ਸਭ ਤੋਂ ਭੈੜਾ ਦਰਦ ਜੋ ਤੁਸੀ ਕਦੇ ਮਹਿਸੂਸ ਕੀਤਾ ਹੋਵੇ।

ਤੁਹਾਡੇ ਦਰਦ ਦਾ ਇਲਾਜ ਕਰਨ ਦੇ ਤਰੀਕਿਆਂ ਵਿੱਚ ਦਵਾਈਆਂ, ਗਰਮ ਜਾਂ ਠੰਡੇ ਪੈਕ, ਪਾਸਾ ਬਦਲਣਾ ਅਤੇ ਸੈਰ ਕਰਨਾ ਸ਼ਾਮਲ ਹੈ।

## ਦਵਾਈ



ਤੁਹਾਨੂੰ ਸੁਰੱਖਿਅਤ ਢੰਗ ਨਾਲ ਦਵਾਈ ਦੇਣ ਲਈ, ਸਟੈਨਫੋਰਡ ਹੈਲਥ ਕੇਅਰ ਨੇ "ਮੈਡੀਕੇਸ਼ਨ ਪਾਸ ਟਾਈਮ-ਆਊਟ" ਸੁਰੂ ਕੀਤਾ ਹੈ। ਇਹ ਉਨ੍ਹਾਂ ਰੁਕਾਵਟਾਂ ਨੂੰ ਸੀਮਤ ਕਰਦਾ ਹੈ ਜਦੋਂ ਨਰਸਾਂ ਦਵਾਈ ਦਿੰਦੀਆਂ ਹਨ। ਘੰਟੇ ਸਵੇਰੇ 8 ਵਜੇ ਤੋਂ ਸਵੇਰੇ 10 ਵਜੇ ਤੱਕ ਅਤੇ ਸ਼ਾਮ 8 ਤੋਂ ਰਾਤ 10 ਵਜੇ ਤੱਕ ਹਨ।

ਇਨ੍ਹਾਂ ਸਮਿਆਂ ਦੌਰਾਨ, ਤੁਹਾਡੀਆਂ ਨਰਸਾਂ ਦਵਾਈ ਦੇਣ 'ਤੇ ਧਿਆਨ ਦੇਣਗੀਆਂ। ਹਰ ਵਾਰ ਜਦੋਂ ਅਸੀ ਤੁਹਾਨੂੰ ਦਵਾਈ ਦਿੰਦੇ ਹਾਂ, ਅਸੀਂ ਤੁਹਾਡੇ ਗੁੱਟ ਦੀ ਪੱਟੀ ਦੀ ਜਾਂਚ ਕਰਾਂਗੇ ਅਤੇ ਤੁਹਾਡਾ ਨਾਮ ਅਤੇ ਜਨਮਦਿਨ ਪੁੱਛਾਂਗੇ।

ਤੁਹਾਡੀਆਂ ਨਰਸਾਂ ਤੁਹਾਡੇ ਵੱਲੋਂ ਲਈਆਂ ਜਾ ਰਹੀਆਂ ਦਵਾਈਆਂ ਦੇ ਉਦੇਸ਼ ਦੀ ਵਿਆਖਿਆ ਵੀ ਕਰਨਗੀਆਂ। ਉਹ ਉਨ੍ਹਾਂ ਮਾੜੇ ਪ੍ਰਭਾਵਾਂ ਦਾ ਵੀ ਵਰਣਨ ਕਰਨਗੀਆਂ ਜੋ ਉਨ੍ਹਾਂ ਦੇ ਕਾਰਨ ਹੋ ਸਕਦੇ ਹਨ।

ਮਾੜਾ ਪ੍ਰਭਾਵ, ਕਿਸੇ ਦਵਾਈ ਲਈ ਇਸਦੇ ਲੋੜੀਂਦੇ ਪ੍ਰਭਾਵ ਤੋਂ ਇਲਾਵਾ ਕੋਈ ਵੀ ਪ੍ਰਤੀਕ੍ਰਿਆ ਹੈ। ਤੁਹਾਡੀ ਸੁਰੱਖਿਆ ਲਈ, ਇਹ ਮਹੱਤਵਪੂਰਨ ਹੈ ਕਿ ਤੁਸੀ ਤੁਹਾਡੇ ਵੱਲੋਂ ਲਈ ਜਾ ਰਹੀ ਕਿਸੇ ਵੀ ਦਵਾਈ ਦੇ ਮਾੜੇ ਪ੍ਰਭਾਵਾਂ ਨੂੰ ਸਮਝੋ।

ਜੇ ਤੁਸੀ ਘਰੋਂ ਕੋਈ ਦਵਾਈ ਲੈ ਕੇ ਆਏ ਹੋ, ਤਾਂ ਆਪਣੀ ਨਰਸ ਨੂੰ ਦੱਸੋ। ਅਸੀ ਤੁਹਾਡੇ ਪਰਿਵਾਰ ਦੇ ਨਾਲ ਸਾਰੀ ਦਵਾਈ ਘਰ ਭੇਜਾਂਗੇ, ਜਾਂ ਤੁਹਾਡੇ ਠਹਿਰਨ ਦੌਰਾਨ ਇਸਨੂੰ ਸਾਡੀ ਫਾਰਮੇਸੀ ਵਿੱਚ ਸਟੋਰ ਕਰਾਂਗੇ।

## ਸ਼ਿਫਟ ਦੀ ਤਬਦੀਲੀ

ਹਰ ਰੋਜ਼ ਸਵੇਰੇ 6:45 ਵਜੇ ਤੋਂ 7:15 ਵਜੇ ਤੱਕ, ਅਤੇ ਦੁਬਾਰਾ ਸ਼ਾਮ 6:45 ਤੋਂ ਸ਼ਾਮ 7:15 ਤੱਕ, ਤੁਹਾਡੀਆਂ ਨਰਸਾਂ ਸ਼ਿਫਟਾਂ ਬਦਲਦੀਆਂ ਹਨ। ਇਸ ਸਮੇਂ ਦੌਰਾਨ, ਤੁਸੀ ਆਪਣੀ ਨਵੀ ਮੁੱਖ ਨਰਸ ਨੂੰ ਮਿਲੋਗੇ ਅਤੇ ਦਿਨ ਦੀਆਂ ਯੋਜਨਾਵਾਂ ਬਾਰੇ ਚਰਚਾ ਕਰੋਗੇ।

ਟੀਮ ਦੇ ਦੌਰੇ ਦੌਰਾਨ, ਤੁਸੀ ਆਉਣ ਵਾਲੀ ਦੇਖਭਾਲ ਟੀਮ ਦੇ ਬਾਕੀ ਮੈਂਬਰਾਂ ਨੂੰ ਮਿਲੋਗੇ।

## ਸਿਹਤਮੰਦ ਰਹਿਣਾ

ਇਹ ਮਹੱਤਵਪੂਰਨ ਹੈ ਕਿ ਜੋ ਵੀ ਵਿਅਕਤੀ ਤੁਹਾਡੇ ਕਮਰੇ ਵਿੱਚ ਆਉਂਦਾ ਹੈ ਉਹ ਆਪਣੇ ਹੱਥ ਧੋਵੇ ਅਤੇ ਮਾਸਕ ਪਹਿਨੇ। ਤੁਹਾਨੂੰ ਵੀ ਆਪਣੇ ਹੱਥ ਅਕਸਰ ਧੋਣੇ ਚਾਹੀਦੇ ਹਨ, ਅਤੇ ਜਦੋਂ ਕੋਈ ਵੀ ਕਮਰੇ ਵਿੱਚ ਹੋਵੇ ਤਾਂ ਮਾਸਕ ਪਹਿਨਣਾ ਚਾਹੀਦਾ ਹੈ।

## ਸੁਰੱਖਿਆ ਅਤੇ ਸਤਿਕਾਰ

ਹਸਪਤਾਲ ਇਲਾਜ ਦਾ ਸਥਾਨ ਹੈ। ਅਸੀ ਮਰੀਜ਼ਾਂ, ਸਟਾਫ਼, ਜਾਂ ਵਿਜ਼ਟਰਾਂ ਪ੍ਰਤੀ ਕੋਈ ਹਮਲਾਵਰਤਾ ਵਿਵਹਾਰ ਦੀ ਇਜਾਜ਼ਤ ਨਹੀ ਦਿੰਦੇ ਹਾਂ।

# ਤੁਹਾਡੀ ਰਿਹਾਇਸ਼ ਦੇ ਦੌਰਾਨ

## ਫ਼ੋਨ ਦੀ ਵਰਤੋਂ

ਤੁਹਾਡੇ ਕੋਲ ਇੱਕ ਸਿੱਧੀ ਲਾਈਨ ਵਾਲਾ ਤੁਹਾਡਾ ਆਪਣਾ ਫ਼ੋਨ ਹੋਵੇਗਾ। ਬਾਹਰੀ ਲਾਈਨ ਪ੍ਰਾਪਤ ਕਰਨ ਲਈ, 9 ਡਾਇਲ ਕਰੋ ਅਤੇ ਫਿਰ ਆਮ ਵਾਂਗ ਨੰਬਰ 'ਤੇ ਕਾਲ ਕਰੋ।

## ਇੰਟਰਨੈੱਟ ਪਹੁੰਚ



ਸਟੈਨਫੋਰਡ ਹਸਪਤਾਲ ਮੁਫ਼ਤ ਇੰਟਰਨੈੱਟ ਪਹੁੰਚ ਦਿੰਦਾ ਹੈ। ਤੁਹਾਨੂੰ ਪਾਸਵਰਡ ਦੀ ਲੋੜ ਨਹੀ ਹੈ। ਜਦੋਂ ਤੁਸੀ ਹਸਪਤਾਲ ਵਿੱਚ ਹੁੰਦੇ ਹੋ ਤਾਂ iPads ਤੁਹਾਡੇ ਕਮਰੇ ਵਿੱਚ ਜਾਂ ਬੇਨਤੀ ਕਰਨ 'ਤੇ ਉਪਲਬਧ ਹੋ ਸਕਦੇ ਹਨ।

ਨੈੱਟਵਰਕ ਦਾ ਨਾਮ: SHC_Public

## MyHealth ਐਪ 'ਤੇ ਆਪਣੀ ਪ੍ਰਗਤੀ ਦੀ ਜਾਂਚ ਕਰੋ

ਆਪਣੀ ਦੇਖਭਾਲ ਟੀਮ ਦੇ ਮੈਂਬਰਾਂ, ਦਵਾਈਆਂ ਅਤੇ ਮਾੜੇ ਪ੍ਰਭਾਵਾਂ, ਟੈਸਟ ਦੇ ਨਤੀਜੇ, ਗਤੀਵਿਧੀ ਟੀਚਿਆਂ, ਅਤੇ ਹੋਰ ਵੇਖੋ।

## ਭੋਜਨ ਸੇਵਾਵਾਂ



ਮੰਗ ਅਨੁਸਾਰ ਤਿਆਰ ਕੀਤਾ ਭੋਜਨ ਅਤੇ ਸਨੈਕਸ ਸੇਵਾ ਤੁਹਾਡੀ ਬੇਨਤੀ ‘ਤੇ ਸਵੇਰੇ 6 ਵਜੇ ਤੋਂ ਰਾਤ 9 ਵਜੇ ਤੱਕ ਉਪਲਬਧ ਹੈ। ਸੇਵਾ ਲਈ, ਆਪਣੇ ਕਮਰੇ ਦੇ ਫ਼ੋਨ ‘ਤੇ 34888 ਡਾਇਲ ਕਰੋ। ਯੋਗ ਖੁਰਾਕਾਂ ਲਈ, ਤੁਸੀਂ ਸਿੱਧਾ ਆਪਣੇ ਟੀਵੀ ਮੀਨੂ ਤੋਂ “ਭੋਜਨ ਆਰਡਰ” ਕਰਨ ਲਈ ਬੈੱਡ ਨਾਲ ਰੱਖੇ ਰਿਮੋਟ ਦੀ ਵਰਤੋਂ ਕਰ ਸਕਦੇ ਹੋ। ਡਿਲੀਵਰੀ ਲਈ ਘੱਟੋ-ਘੱਟ 45 ਮਿੰਟ ਦਾ ਸਮਾਂ ਦਿਓ।

## ਮੁਲਾਕਾਤੀ (ਵਿਜ਼ਟਰ)

ਸਾਡਾ ਮੰਨਣਾ ਹੈ ਕਿ ਪਰਿਵਾਰ ਅਤੇ ਹੋਰ ਅਜ਼ੀਜ਼ਾਂ ਦੀ ਤੁਹਾਡੇ ਇਲਾਜ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਅਸੀਂ ਇਹ ਵੀ ਮੰਨਦੇ ਹਾਂ ਕਿ ਤੁਹਾਡੇ ਠਹਿਰਨ ਦੌਰਾਨ ਸੁਰੱਖਿਆ, ਆਰਾਮ ਅਤੇ ਪਰਦੇਦਾਰੀ ਵੀ ਮਹੱਤਵਪੂਰਨ ਪਹਿਲੂ ਹਨ।

ਅਸੀਂ ਆਪਣੇ ਮਰੀਜ਼ਾਂ ਅਤੇ ਸਟਾਫ ਦੀ ਸੁਰੱਖਿਆ ਨੂੰ ਪੱਕਾ ਕਰਨ ਲਈ ਅਕਸਰ ਆਪਣੀਆਂ ਵਿਜ਼ਟਰ ਨੀਤੀਆਂ ਦੀ ਸਮੀਖਿਆ ਕਰਦੇ ਰਹਿੰਦੇ ਹਾਂ। ਤੁਸੀਂ ਆਪਣੀ ਨਰਸ ਨੂੰ ਸਭ ਤੋਂ ਨਵੀਨਤਮ ਨੀਤੀ ਬਾਰੇ ਪੁੱਛ ਸਕਦੇ ਹੋ।

## ਤਰਜੁਮਾ ਅਤੇ ਅਨੁਵਾਦ ਸੇਵਾਵਾਂ

ਸਟੈਨਫੋਰਡ ਹੈਲਥ ਕੇਅਰ ਮਰੀਜ਼ਾਂ ਨੂੰ ਬਿਨਾਂ ਕਿਸੇ ਕੀਮਤ ਦੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਅਤੇ ਅਮਰੀਕੀ ਸਾਈਨ ਭਾਸ਼ਾ ਲਈ ਦੁਭਾਸ਼ੀਏ ਤੱਕ ਪਹੁੰਚ ਦੀ ਪੇਸ਼ਕਸ਼ ਕਰਦਾ ਹੈ। ਜੇ ਤੁਹਾਨੂੰ ਆਪਣੀ ਭਾਸ਼ਾ ਵਿੱਚ ਸੰਚਾਰ ਕਰਨ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਦੁਭਾਸ਼ੀਏ ਦੀ ਮੰਗ ਕਰੋ। ਦੁਭਾਸ਼ੀਏ ਵਿਅਕਤੀਗਤ ਤੌਰ ‘ਤੇ, ਫ਼ੋਨ ਜਾਂ ਵੀਡੀਓ ਰਾਹੀਂ ਉਪਲਬਧ ਹੋ ਸਕਦੇ ਹਨ।

## ਅਧਿਆਤਮਿਕ ਦੇਖਭਾਲ

ਅਧਿਆਤਮਿਕ ਦੇਖਭਾਲ ਸੇਵਾ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਅਧਿਆਤਮਿਕ ਸਹਾਇਤਾ ਦੇਣ ਲਈ ਦਿਨ ਦੇ ਕਿਸੇ ਵੀ ਸਮੇਂ ਇੱਥੇ ਉਪਲਬਧ ਹੈ। ਤੁਹਾਡੀ ਨਰਸ ਇੱਕ ਪਾਦਰੀ ਤੱਕ ਪਹੁੰਚ ਸਕਦੀ ਹੈ ਅਤੇ ਉਹ ਤੁਹਾਡੇ ਨਾਲ ਮਿਲਣ ਲਈ ਤੁਹਾਡੇ ਕਮਰੇ ਵਿੱਚ ਆਉਣਗੇ।

## ਮਹਿਮਾਨ ਸੇਵਾਵਾਂ

ਮਹਿਮਾਨ ਸੇਵਾਵਾਂ ਮਰੀਜ਼ਾਂ ਅਤੇ ਮਹਿਮਾਨਾਂ ਲਈ ਨਿੱਜੀ ਮਦਦ, ਸਹਾਇਤਾ, ਅਤੇ ਸਰੋਤ ਮੁਹੱਈਆ ਕਰਦੀਆਂ ਹਨ। ਤੁਸੀਂ ਉਨ੍ਹਾਂ ਨੂੰ 650-498-3333 ‘ਤੇ ਪਹੁੰਚ ਸਕਦੇ ਹੋ।

## ਹਸਪਤਾਲ ਵਿੱਚੋਂ ਜਾਣਾ

ਅਸੀਂ ਤੁਹਾਨੂੰ ਹਸਪਤਾਲ ਤੋਂ ਤੁਹਾਡੇ ਘਰ ਜਾਂ ਨਰਸਿੰਗ ਹੋਮ ਤੱਕ ਜਾਣ ਲਈ ਇੱਕ ਆਰਾਮਦੇਹ ਸਵਾਰੀ ਦੇਣ ਦਾ ਮਨੋਰਥ ਮਿੱਥਦੇ ਹਾਂ। ਸਾਡਾ ਟੀਚਾ ਇਹ ਹੈ ਕਿ ਤੁਸੀਂ ਇਹ ਸਮਝੋ ਕਿ ਤੁਸੀਂ ਹਸਪਤਾਲ ਤੋਂ ਚਲੇ ਜਾਣ ਤੋਂ ਬਾਅਦ ਆਪਣੀ ਸਿਹਤ ਦੀ ਦੇਖਭਾਲ ਕਿਵੇਂ ਕਰਨੀ ਹੈ।

ਜਿਸ ਦਿਨ ਤੁਸੀਂ ਹਸਪਤਾਲ ਵਿੱਚ ਦਾਖਲ ਹੋਵੋਗੇ, ਉਦੋਂ ਤੋਂ ਹੀ ਤੁਹਾਡੀ ਦੇਖਭਾਲ ਟੀਮ ਤੁਹਾਨੂੰ ਇਸ ਪ੍ਰਤੀ ਤਿਆਰ ਕਰਨਾ ਸ਼ੁਰੂ ਕਰ ਦੇਵੇਗੀ। ਕਿਰਪਾ ਕਰਕੇ ਉਨ੍ਹਾਂ ਨੂੰ ਕਿਸੇ ਵੀ ਤਰਜੀਹ, ਪਰੇਸ਼ਾਨੀ ਜਾਂ ਚਿੰਤਾ ਬਾਰੇ ਦੱਸੋ ਜਦੋਂ ਤੁਸੀਂ ਘਰ ਵਿੱਚ ਆਪਣੀ ਰਿਕਵਰੀ ਲਈ ਤਿਆਰੀ ਕਰਦੇ ਹੋ।

ਤੁਸੀਂ ਅਤੇ ਤੁਹਾਡੀ ਦੇਖਭਾਲ ਟੀਮ ਤੁਹਾਡੀਆਂ ਘਰੇਲੂ ਲੋੜਾਂ ਅਤੇ ਤੁਹਾਡੀਆਂ ਤਰਜੀਹਾਂ ਬਾਰੇ ਗੱਲ ਕਰੇਗੀ। ਉਹ ਮੁਕੰਮਲ ਪ੍ਰਬੰਧਨ ਨੂੰ ਯਕੀਨੀ ਬਣਾਉਣਗੇ।

ਤੁਹਾਡੀ ਨਰਸ ਉਨ੍ਹਾਂ ਦਵਾਈਆਂ ਬਾਰੇ ਸਮਝਾਵੇਗੀ ਜਿਨ੍ਹਾਂ ਨੂੰ ਤੁਸੀਂ ਹਸਪਤਾਲ ਤੋਂ ਜਾਣ ਵੇਲੇ ਨਾਲ ਲੈਕੇ ਜਾਵੋਗੇ। ਇਸ ਵਿੱਚ ਹਰੇਕ ਦਵਾਈ ਦਾ ਉਦੇਸ਼ ਅਤੇ ਮਾੜੇ ਪ੍ਰਭਾਵ ਸ਼ਾਮਲ ਹੋਣਗੇ। ਨਰਸ ਤੁਹਾਡੇ ਲਈ ਕਿਸੇ ਵੀ ਵਾਧੂ ਘਰੇਲੂ ਦੇਖਭਾਲ ਦੀ ਲੋੜ ਬਾਰੇ ਵੀ ਵਰਣਨ ਕਰੇਗੀ।

ਤੁਹਾਡੇ ਜਾਣ ਵੇਲੇ ਇਹ ਜਾਣਕਾਰੀ ਤੁਹਾਡੇ ਲਈ ਪ੍ਰਿੰਟ ਕੀਤੀ ਜਾਵੇਗੀ, ਇੱਕ ਪੇਪਰ ਵਿੱਚ ਤੁਹਾਨੂੰ ਤੁਹਾਡੀ ਮੁਲਾਕਾਤ ਤੋਂ ਬਾਅਦ ਦੀ ਸੰਖੇਪ ਜਾਣਕਾਰੀ ਪ੍ਰਾਪਤ ਹੋਵੇਗੀ।

ਕਿਸੇ ਪਰਿਵਾਰਕ ਮੈਂਬਰ ਜਾਂ ਹੋਰ ਦੇਖਭਾਲ ਕਰਨ ਵਾਲਾ ਵੀ ਤੁਹਾਨੂੰ ਤੁਹਾਡੀਆਂ ਦਵਾਈਆਂ ‘ਤੇ ਮਿਲਣ ਵਾਲੀਆਂ ਕਿਸੇ ਵੀ ਹਦਾਇਤਾਂ ਬਾਰੇ ਸੁਣ ਅਤੇ ਸਵਾਲ ਪੁੱਛ ਸਕਦਾ ਹੈ। ਇਸ ਕਾਰਨ ਕਰਕੇ, ਤੁਹਾਡੇ ਦੇਖਭਾਲ ਕਰਨ ਵਾਲੇ ਦਾ ਨਾਮ ਜਲਦੀ ਦੇਣ ਨਾਲ ਮਦਦ ਮਿਲਦੀ ਹੈ।

ਜਦੋਂ ਤੁਹਾਡਾ ਡਾਕਟਰ ਤੁਹਾਡੇ ਰੀਲੀਜ਼ ਨੋਟ ਲਿਖਦਾ ਹੈ, ਤਾਂ ਤੁਹਾਡੀ ਨਰਸ ਤੁਹਾਡੇ ਲਈ ਹਸਪਤਾਲ ਤੋਂ ਜਾਣ ਲਈ ਇੱਕ ਖਾਸ ਸਮੇਂ ਅਨੁਸਾਰ ਤਾਲਮੇਲ ਕਰੇਗੀ। ਸਮਾਂ ਤੁਹਾਡੀਆਂ ਲੋੜਾਂ ਅਤੇ ਤੁਹਾਡੀ ਦੇਖਭਾਲ ਟੀਮ ਦੇ ਹੋਰ ਮੈਂਬਰਾਂ ਤੋਂ ਮਨਜ਼ੂਰੀ ‘ਤੇ ਅਧਾਰਤ ਹੈ।

## ਸਵਾਲ ਅਤੇ ਫੀਡਬੈਕ

ਜੇ ਤੁਹਾਡੀ ਕੋਈ ਚਿੰਤਾ ਜਾਂ ਫੀਡਬੈਕ ਹੈ, ਤਾਂ ਕਿਰਪਾ ਕਰਕੇ ਆਪਣੀ ਮੁੱਖ ਨਰਸ ਨਾਲ ਗੱਲ ਕਰੋ। ਤੁਹਾਡੇ ਹਸਪਤਾਲ ਤੋਂ ਚਲੇ ਜਾਣ ਤੋਂ ਬਾਅਦ, ਅਸੀਂ ਸੰਤੁਸ਼ਟੀ ਸਰਵੇਖਣ ਨੂੰ ਪੂਰਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।

ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਫੀਡਬੈਕ ਦੇਓਗੇ। ਅਸੀਂ ਹਮੇਸ਼ਾ ਉੱਤਮਤਾ ਲਈ ਯਤਨਸ਼ੀਲ ਹਾਂ।